ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀ ਸਤਿਗੁਰੂ ਜਗਜੀਤ ਸਿੰਘ
ਸਿਮਰਤੀ-ਕੈਲੰਡਰ
2015

(੨੦੭੧-੭੨ ਬ੍ਰਿ:)





ਪਿਤਾ : ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
ਮਾਤਾ : ਸ੍ਰੀ ਮਾਤਾ ਭੁਪਿੰਦਰ ਕੌਰ ਜੀ
ਭਰਾਤਾ : ਮਹਾਰਾਜ ਬੀਰ ਸਿੰਘ ਜੀ
ਮਹਿਲ : ਮਾਤਾ ਚੰਦ ਕੌਰ ਜੀ
ਸਪੁੱਤਰੀ : ਬੀਬਾ ਸਾਹਿਬ ਕੌਰ ਜੀ
ਜਾ-ਨਸ਼ੀਨ : ਸਤਿਗੁਰੂ ਉਦੇ ਸਿੰਘ ਜੀ

ਪ੍ਰਕਾਸ਼ : ਕੱਤਕ ਸੁਦੀ ਇਕਾਦਸ਼ੀ
੮ ਮੱਘਰ ੧੯੭੭ ਬ੍ਰਿ:
22 ਨਵੰਬਰ 1920 ਈ: ਸੋਮਵਾਰ
ਸ੍ਰੀ ਭੈਣੀ ਸਾਹਿਬ

ਗੁਰਗੱਦੀ ਨਸ਼ੀਨੀ : 22 ਅਗਸਤ 1959
ਬ੍ਰਹਮਲੀਨ : ਮੱਘਰ ਦੀ ਮੱਸਿਆ
੨੯ ਮੱਘਰ ੨੦੬੯ ਬ੍ਰਿ:
13 ਦਸੰਬਰ 2012 ਈ: ਵੀਰਵਾਰ














Concept by : Ajit Singh Lyall & Harpal Singh Sewak - 94176-01321 - harpalsewak@yahoo.co.in

ਗੁਰਸਿੱਖੀ ਮਾਰਗ ਦੇ ਪ੍ਰੇਰਨਾ-ਸ੍ਰੋਤ



ਵਡ-ਪ੍ਰਤਾਪੀ, ਮਾਤ ਭੁਪਿੰਦਰ ਦੇ ਅੱਖੀਆਂ ਦੇ ਤਾਰੇ। ਸੋਹਣੇ ਤੇ ਮਨ ਮੋਹਣੇ ਲੱਗਦੇ ਕਿੰਨੇ ਪਿਆਰੇ-ਪਿਆਰੇ।
ਪਿਤਾ ਸਤਿਗੁਰੂ ਦੇ ਸੰਗ ਬੈਠੇ, ਚੰਦ ਸੂਰਜ ਜਿਉਂ ਚਮਕਣ; ਬੇਅੰਤ-ਵੱਲਭ ਹੈ ਨਾਮ ਜਿਨ੍ਹਾਂ ਦਾ, ਸੋਹਣ ਗੁਰ ਦਰਬਾਰੇ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮਾਤਾ ਭੁਪਿੰਦਰ ਕੌਰ ਜੀ ਦੇ ਵੱਡੇ ਸਾਹਿਬਜ਼ਾਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਜੀਵਨ ਦੇ ਮੁੱਢਲੇ 39 ਵਰ੍ਹੇ ਗੁਰੂ ਹੁਕਮ ਦੀ ਕਾਰ ਵਿਚ ਰਹਿੰਦਿਆਂ ਇਕ ਪੂਰਨ ਗੁਰਸਿਖ ਵਾਂਗ ਬਿਤਾਏ।

ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਪੁਰਾਤਨ ਰਿਸ਼ੀ-ਆਸ਼ਰਮਾਂ ਜਿਹੀ ਪਾਠਸ਼ਾਲਾ ਵਿਚ ਬਹੁ-ਭਾਸ਼ਾਈ ਅਤੇ ਦਸਤਕਾਰੀ ਸਿੱਖਿਆ ਦੇ ਨਾਲ ਸ਼ਾਸਤ੍ਰੀ ਸੰਗੀਤ, ਗੁਰਮਤਿ ਕੀਰਤਨ, ਗੁਰਬਾਣੀ, ਖੇਡਾਂ ਆਦਿ ਦੀਨੀ ਅਤੇ ਦੁਨਿਆਵੀ ਗਿਆਨ ਗ੍ਰਹਿਣ ਕੀਤਾ ਅਤੇ ਭਾਈ ਲਹਿਣਾ ਜੀ ਵਾਂਗ ਗੁਰੂ ਹੁਕਮ ਦੀ ਹਰ ਕਸਵੱਟੀ ਤੇ ਪੂਰੇ ਉਤਰੇ। ਹੱਥੀਂ ਸੇਵਾ ਕਰਨੀ, ਪੰਥਕ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਉਣੀਆਂ, ਅਤਿਅੰਤ ਰੁਝੇਵਿਆਂ ਵਿਚ ਵੀ ਨਾਮ-ਬਾਣੀ ਦੇ ਨਿਤਨੇਮ ਵਿਚ ਕਦੇ ਵਿਘਨ ਨਾਂ ਪੈਣ ਦੇਣਾ, ਕਦੇ ਵੀ ਗੁਰੂ ਪੁੱਤਰ ਹੋਣ ਦਾ ਵਿਸ਼ੇਸ਼ ਅਧਿਕਾਰ ਨਾ ਜਤਾਉਣਾ ਸਗੋਂ ਹਲੀਮੀ ਸਦ-ਭਾਵਨਾ ਅਤੇ ਸਦਾ ਬਹਾਰ ਮੁਸਕਾਨ ਆਪ ਦਾ ਸਹਿਜ ਸੁਭਾਅ ਸੀ।

ਨਾਮਧਾਰੀ ਸਮਾਜ ਵਿਚ ਆਪ ਜੀ ਨੂੰ ਬੇਅੰਤ ਜੀ ਅਤੇ ਵੱਡੇ ਬਾਬਾ ਜੀ ਕਹਿ ਕੇ ਸਤਿਕਾਰਿਆ ਜਾਂਦਾ ਸੀ।



Sri Satguru Jagjit Sigh Ji, the elder son of Sri Satguru Pratap Singh Ji and Mata Bhupinder Kaur lived the first 39 years of His life as ideal Gur-Sikh following the ideals and edicts of Satguru Pratap Singh Ji. Growing up in the mystic and spiritual environment of a mendicant's hermitage at Sri Bhaini Sahib, Satguru Ji was trained and in religious, spiritual as well as worldly traditions along with Punjabi and various other languages. Reciting the Holy Book, Singing Hymns, Satguru Ji was also trained in Carpentry, Devotional and Indian Classical Music. Like Bhai Lehna Ji, Satguru Ji also proved beyond doubt His commitment in following the edicts of Satguru Pratap Singh Ji faithfully. Serving people, dutifully discharging the community responsibilities, practicing meditation even in the midst of a busy schedule, Satguru Ji never once took advantage of His illustrious lineage. An ever smiling face and a pleasant personality, Satguru Ji was revered as Beant Ji and Vadday Baba Ji by the Namdhari Community.


January 2015 ਪੋਹ-ਮਾਘ ੨੦੭੧ਬਿ:

• ਸੰਗਰਾਂਦ • ਪੂਰਨਮਾਸ਼ੀ • ਮੱਸਿਆ

ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat
				1 ੧੭	2 ੧੮	3 ੧੯	4 ੨੦	5 ੨੧	6 ੨੨	7 ੨੩	8 ੨੪	9 ੨੫	10 ੨੬	11 ੨੭	12 ੨੮	13 ੨੯	14 ੧	15 ੨	16 ੩	17 ੪
18 ੫	19 ੬	20 ੭	21 ੮	22 ੯	23 ੧੦	24 ੧੧	25 ੧੨	26 ੧੩	27 ੧੪	28 ੧੫	29 ੧੬	30 ੧੭	31 ੧੮							

14-ਸੰਗਰਾਂਦ, [illegible]
17-ਨਾਮਧਾਰੀ ਸ਼ਹੀਦੀ ਦਿਵਸ, ਮਲੇਰਕੋਟਲਾ
18-ਪ੍ਰਗਟ ਦਿਵਸ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
24-[illegible] ਸਤਿਗੁਰੂ ਪ੍ਰਤਾਪ ਸਿੰਘ ਜੀ
26-ਗਣਤੰਤਰ ਦਿਵਸ

ਤਖਤਿ ਬਹੈ ਤਖਤੈ ਕੀ ਲਾਇਕ



ਤਖਤਿ ਬਹੈ ਤਖਤੈ ਕੀ ਲਾਇਕ॥ ਪੰਚ ਸਮਾਏ ਗੁਰਮਤਿ ਪਾਇਕ ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਜ਼ਾ ਅਨੁਸਾਰ 22 ਅਗਸਤ 1959 ਈ: ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲੀ। ਆਪ ਜੀ ਨੇ ਸਰਬਪੱਖੀ-ਨਾਇਕ ਦੀ ਤਰ੍ਹਾਂ ਜੀਵਨ ਦੇ ਹਰ ਖੇਤਰ ਵਿੱਚ ਨਵੀਆਂ ਪੈੜਾਂ ਸਿਰਜੀਆਂ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਵਿਸ਼ਵ ਭਰ ਵਿਚ ਪ੍ਰਚਾਰਿਆ-ਪ੍ਰਸਾਰਿਆ। ਸ੍ਰੀ ਦਸਮੇਸ਼ ਪਾਤਸ਼ਾਹ ਦੇ ਖਾਲਸੇ ਦੀ ਨਿਆਰੀ ਪਹਿਚਾਣ ਨੂੰ ਹਰ ਅਗਾਂਹ ਵਧੂ ਖੇਤਰ ਵਿਚ ਸਨਮਾਨ ਯੋਗ ਥਾਂ ਦਿਵਾਈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਦਰਸ਼ਾਂ ਤੇ ਚੱਲਦਿਆਂ ਨਾਮਧਾਰੀ ਪੰਥ ਨੂੰ ਬੁਲੰਦੀਆਂ ਤੇ ਪਹੁੰਚਾਇਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅੱਧੀ ਸਦੀ ਤੋਂ ਵੱਧ ਸਮੇਂ ਦੀ ਘਾਲਣਾ ਸਦਕਾ ਹੀ ਹੈ ਕਿ ਅੱਜ ਨਸ਼ਾ-ਮੁਕਤ, ਸਾਬਤ-ਸੂਰਤ, ਸਿੱਖੀ-ਸਰੂਪ ਅਤੇ ਰਹਿਤ-ਮਰਿਯਾਦਾ ਦਾ ਧਾਰਨੀ ਨਾਮਧਾਰੀ ਸਮਾਜ ਸੰਸਾਰ ਵਿਚ ਖਾਲਸੇ ਦੇ ਨਿਆਰੇ ਸਰੂਪ ਦੀ ਸ਼ੋਭਾ ਵਧਾ ਰਿਹਾ ਹੈ।



Adhering to the wishes of Sri Satguru Pratap Singh Ji, on 22 August, 1959 Sri Satguru Jagjit Singh Ji took over as the Spiritual Supreme of the Namdhari Sikhs. A multi faceted personality, Satguru Ji touched all the aspects of human life and created new milestones everywhere. Satguru Ji toured across the world spreading the word of Guru Nanak, of peace, harmony and universal brotherhood. Satguru Ji took special efforts to propagate the unique Sikh identity as bestowed by Guru Gobind Singh Ji creating a respectful place for the Sikhs across all strata of the society worldwide. Following the ideals laid down by Satguru Ram Singh Ji, Satguru Ji led the Namdhari Community to new heights. The Namdhari Community today, as a result of the more than fifty years of untiring efforts by Satguru Ji, is an ideal community, free from the vagaries of drugs and alcohol, practicing and safeguarding the ideals of Sikhism across the world.

February 2015 ਮਾਘ-ਫੱਗਣ ੨੦੭੧ ਬਿ:

• ਸੰਗਰਾਂਦ • ਪੂਰਨਮਾਸ਼ੀ • ਮੱਸਿਆ


ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat
1 ੧੯	2 ੨੦	• 3 ੨੧	4 ੨੨	5 ੨੩	6 ੨੪	7 ੨੫	8 ੨੬	9 ੨੭	10 ੨੮	11 ੨੯	12 ੩੦	• 13 ੧	14 ੨	15 ੩	16 ੪	17 ੫	• 18 ੬	19 ੭	20 ੮	21 ੯
22 ੧੦	23 ੧੧	24 ੧੨	25 ੧੩	26 ੧੪	27 ੧੫	28 ੧੬										1- ਅਵਤਾਰ, ਸ੍ਰੀ ਗੁਰੂ ਹਰਿ ਰਾਇ ਜੀ				

ਆਪਿ ਜਪੈ ਅਵਰਹ ਨਾਮੁ ਜਪਾਵੈ



ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ।
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਵੀ ਨਾਮ ਜਪਿਆ ਅਤੇ ਸੰਗਤਾਂ ਤੋਂ ਵੀ ਜਪਵਾਇਆ। ਆਪ ਜੀ ਦੇ ਸਮੇਂ ਵਿਚ ਨਾਮ-ਸਿਮਰਨ ਦੀਆਂ ਦੋ ਅਖੰਡ ਵਰਨੀਆਂ ਤੋਂ ਸੋਲ੍ਹਾਂ ਤੱਕ ਹੋ ਗਈਆਂ। ਸਲਾਨਾ ਨਾਮ-ਸਿਮਰਨ ਜਪ-ਪ੍ਰਯੋਗ ਸਮੇਂ ਰੋਜਾਨਾ ਅੱਠ-ਅੱਠ ਘੰਟੇ ਆਪ ਨਾਮ ਜੰਪਣਾ ਅਤੇ ਹਜ਼ਾਰਾਂ ਸਿੱਖਾਂ ਤੋਂ ਜਪਵਾਉਣਾ। ਆਪ ਜੀ ਦੀ ਹਜ਼ੂਰੀ ਵਿਚ ਤਿੰਨ ਵੇਰ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ-ਸਵਾ ਲੱਖ ਪਾਠਾਂ ਦੇ ਭੋਗ ਪਵਾਏ ਗਏ ਅਤੇ ਹਜ਼ਾਰਾਂ ਅਖੰਡ ਪਾਠ ਹੋਏ। ਛੇ ਵਾਰ ਸਵਾ-ਸਵਾ ਲੱਖ ਚੰਡੀ ਦੀ ਵਾਰ ਦੇ ਪਾਠ ਅਤੇ ਮਹਾਨ ਹਵਨ ਯੱਗ ਕਰਵਾਏ ਗਏ। ਆਪ ਜੀ ਹਮੇਸ਼ਾਂ ਆਪਣੇ ਪ੍ਰਵਚਨਾਂ ਵਿਚ ਫ਼ੁਰਮਾਇਆ ਕਰਦੇ ਸਨ, "ਹਰ ਨਾਮਧਾਰੀ ਸਿੱਖ ਜੀਅ ਪ੍ਰਤੀ ਰੋਜਾਨਾਂ ਇਕ ਘੰਟਾ ਨਾਮ ਸਿਮਰਨ ਅਤੇ ਹਰ ਪਰਿਵਾਰ ਮਹੀਨੇ ਪ੍ਰਤੀ ਸ੍ਰੀ ਆਦਿ ਗ੍ਰੰਥ ਸਾਹਿਬ ਜਾਂ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਇਕ ਪਾਠ ਜ਼ਰੂਰ ਕਰਿਆ ਕਰੋ"।



Sri Satguru Jagjit Singh not only practiced meditating on the Name of the Lord, but also made everyone practice it as well. Satguru Ji expanded the 'Akhand Varni' non-stop meditation on the Name of the Lord, 24x7, 365 days a year, from a mere 2 locations to 16 locations. During the yearly meditation congregations Satguru Ji would not only meditate 8 hours everyday but also motivated everyone else to do so as well. It was under Satguru Ji's auspices that recitation of a lakh and a quarter Holy Granth Sahibs was completed thrice along with several thousand non-stop 'Akhand Path' recitation of the Holy Granth Sahibs. Satguru Ji also conducted the simultaneous recitation of a lakh and a quarter 'Chandi di War' (prayers invoking the Goddess Chandi) along with Maha Yagnas six times. Satguru Ji, in His sermons, often motivated every Namdhari Sikh to practice one hour of meditation on the name of the Lord along with one full recitation of the Holy Granth Sahib and/or the Dasam Granth Sahib per family.

March 2015 ਫੱਗਣ-ਚੇਤਰ ੨੦੭੧-੭੨ਬਿ:

• ਸੰਗਰਾਂਦ • ਪੂਰਨਮਾਸ਼ੀ • ਮੱਸਿਆ

ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat
1 ੧੭	2 ੧੮	3 ੧੯	4 ੨੦	5 ੨੧	6 ੨੨	7 ੨੩	8 ੨੪	9 ੨੫	10 ੨੬	11 ੨੭	12 ੨੮	13 ੨੯	14 ੧	15 ੨	16 ੩	17 ੪	18 ੫	19 ੬	20 ੭	21 ੮
22 ੯	23 ੧੦	24 ੧੧	25 ੧੨	26 ੧੩	27 ੧੪	28 ੧੫	29 ੧੬	30 ੧੭	31 ੧੮							[illegible]				

ਸਾਧ-ਸੰਗਤਿ ਮਿਲਿ ਗਾਵਦੇ



ਪਸ਼ੂ-ਪੰਛੀ ਤੇ ਪਉਣ-ਪਾਣੀ ਨੇ ਰੁਕ ਜਾਣਾ, ਜਦ ਤਾਊਸ਼ ਵਜਾਉਣਾ।
ਮਹਾਂ-ਅਨੰਦ, ਪਰਮ-ਸੁਖ ਮਿਲਨਾ; ਜਦ ਉਸ ਗੀਤ ਕੋਈ ਰੱਬੀ ਗਾਉਣਾ॥

ਅੰਮ੍ਰਿਤ ਵੇਲੇ ਦਾ ਇਸ਼ਨਾਨ, ਨਾਮ-ਬਾਣੀ ਦਾ ਨਿਤਨੇਮ ਅਤੇ ਦੋਵੇਂ ਵੇਲੇ ਦਾ ਕੀਰਤਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਦਾ ਅਨਿੱਖੜਵਾਂ ਅੰਗ ਰਿਹਾ ਹੈ। ਗੁਰਬਾਣੀ ਗਾਇਨ ਸਮੇਂ ਸ਼ੁੱਧ ਉਚਾਰਨ ਅਤੇ ਕੇਵਲ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਵੱਲ ਆਪ ਜੀ ਉਚੇਚਾ ਧਿਆਨ ਦਿੱਤਾ। ਗੁਰੂ ਘਰ ਵਿਚ ਪ੍ਰਚਲਤ ਕੀਰਤਨ ਦੀਆਂ ਜੋ ਪੁਰਾਤਨ ਰੀਤਾਂ ਆਪ ਜੀ ਨੇ ਆਪਣੇ ਪਿਤਾ ਸਤਿਗੁਰੂ ਜੀ ਪਾਸੋਂ ਅਤੇ ਆਪਣੇ ਉਸਤਾਦਾਂ ਪਾਸੋਂ ਸਿੱਖੀਆਂ, ਜੀਵਨ ਭਰ ਉਸ ਗੁਰਮਤਿ ਸੰਗੀਤ ਨੂੰ ਪ੍ਰਚਾਰਿਆ ਅਤੇ ਪਸਾਰਿਆ। ਆਪ ਜੀ ਨੇ ਗੁਰਬਾਣੀ ਸ਼ਬਦਾਂ ਦੀਆਂ ਅਨੇਕ ਬੰਦਿਸ਼ਾਂ ਰਚੀਆਂ ਅਤੇ ਸੁਰ-ਬੱਧ ਕੀਤੀਆਂ। ਸ਼ਾਸਤ੍ਰੀ ਸੰਗੀਤ ਦੇ ਵੱਡੇ ਉਸਤਾਦਾਂ ਪਾਸ ਆਪਣੇ ਨਾਮਧਾਰੀ ਸ਼ਗਿਰਦ ਭੇਜ ਕੇ ਉਹਨਾਂ ਦੀ ਸੰਗੀਤ ਕਲਾ ਦੀ ਵੰਨਗੀ ਨੂੰ ਕੀਰਤਨ ਵਾਸਤੇ ਸੁਰੱਖਿਅਤ ਕੀਤਾ। ਆਪ ਜੀ ਕੀਰਤਨ ਕਰਦਿਆਂ ਜਦੋਂ ਦਿਲਰੁਬਾ ਤੇ ਗਜ ਫੇਰਦੇ ਤਾਂ ਰਾਗਾਂ ਸਰੂਪ ਰੂਪਮਾਨ ਹੋ ਜਾਂਦਾ। ਪ੍ਰੇਮ-ਰਸ, ਵੈਰਾਗ-ਰਸ ਅਤੇ ਭਗਤੀ ਰਸ ਸਾਕਸ਼ਾਤ ਹੋ ਜਾਂਦਾ। ਸ਼ਬਦ ਇਸ ਅੰਦਾਜ਼ ਵਿਚ ਗਾਉਂਦੇ ਕਿ ਗੁਰਬਾਣੀ ਦੇ ਭਾਵ ਸਪਸ਼ਟ ਹੁੰਦੇ। ਸੰਗੀਤ, ਗੁਰਬਾਣੀ ਅਤੇ ਸਤਿਗੁਰੂ ਇਕ-ਮਿਕ ਹੋ ਜਾਂਦੇ, ਇਉਂ ਜਾਪਦਾ ਜਿਵੇਂ ਗੁਰਬਾਣੀ ਆਪਣੇ ਆਪ ਦੀ ਵਿਆਖਿਆ ਕਰ ਰਹੀ ਹੋਵੇ।



Bathing in the wee hours of the morning, meditating and reciting the scriptures and singing hymns in the morning as well as the afternoon were a part of Satguru Ji's daily routine. Special impetus was paid to the correct pronunciation of the scriptures while singing hymns to the accompaniment of traditional Indian classical instruments. Trained by Satguru Pratap Singh Ji and by the maestros of Gurbani and Indian classical music, Satguru Ji not only safeguarded the Sikh Guru traditions of hymn singing but promulgated and propagated them as well. Satguru Ji composed several thousand music compositions of the Gurbani. Satguru Ji sent several of His Sikhs to train under several maestros of Indian classical music and imbibed their culture in the daily hymn singing. It was truly an eclectic and mesmerizing atmosphere when Satguru Ji played the Dilruba and sang hymns, epitomizing love, longing and devotion for the supreme Lord. Expressing the meaning Gurbani eloquently, clearly, where the divine harmony of music, Gurbani and the Satguru was evident even to the layman.

April 2015 ਚੇਤਰ-ਵੈਸਾਖ ੨੦੭੨ਬਿ:

• ਸੰਗਰਾਂਦ • ਪੂਰਨਮਾਸ਼ੀ • ਮੱਸਿਆ

ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat
			1 ੧੯	2 ੨੦	3 ੨੧	4 ੨੨	5 ੨੩	6 ੨੪	7 ੨੫	8 ੨੬	9 ੨੭	10 ੨੮	11 ੨੯	12 ੩੦	13 ੩੧	14 ੧	15 ੨	16 ੩	17 ੪	18 ੫
19 ੬	20 ੭	21 ੮	22 ੯	23 ੧੦	24 ੧੧	25 ੧੨	26 ੧੩	27 ੧੪	28 ੧੫	29 ੧੬	30 ੧੭					2-ਜੋਤੀ ਜੋਤਿ, ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀ; 9-ਅਵਤਾਰ, ਸ੍ਰੀ ਸਤਿਗੁਰੂ ਤੇਗ ਬਹਾਦਰ ਜੀ; 11-ਅਵਤਾਰ, ਸ੍ਰੀ ਸਤਿਗੁਰੂ ਅੰਗਦ ਦੇਵ ਜੀ		14-ਵੈਸਾਖੀ, ਖਾਲਸਾ ਸਿਰਜਣਾ ਦਿਵਸ; 19-ਅਵਤਾਰ, ਸ੍ਰੀ ਸਤਿਗੁਰੂ ਅਰਜਨ ਦੇਵ ਜੀ		

ਸਾਜ਼-ਨਿਵਾਜ਼



ਇਹ ਨੇ ਸਾਜ਼ ਤੇ ਸਾਜ਼-ਨਿਵਾਜ਼ ਤੂੰ, ਤੇ ਫਿਜ਼ਾ ਨੂੰ ਧੁਨ ਦੀ ਉਡੀਕ ਹੈ;
ਤੇਰੇ ਪੋਟਿਆਂ ਤੇ ਤਾਰਾਂ 'ਚ ਕੇਹੇ ਫਾਸਲੇ, ਕੇਹੀ ਲੀਕ ਹੈ।

"ਹਮਾਰੇ ਪਿਤਾ ਜੀ ਕਹਾ ਕਰਤੇ ਥੇ ਕਿ ਸ਼ਾਸਤ੍ਰੀ ਸੰਗੀਤ ਕੀ ਸੇਵਾ ਹਰ ਇਨਸਾਨ ਨਹੀਂ ਕਰ ਸਕਤਾ। ਇਸੇ ਕਰਨੇ ਵਾਲਾ ਬਾਦਸ਼ਾਹ ਹੋ ਯਾ ਫ਼ਕੀਰ ਹੋ। ਸਤਿਗੁਰੂ ਜਗਜੀਤ ਸਿੰਘ ਜੀ ਬਾਦਸ਼ਾਹ ਭੀ ਹੈਂ ਔਰ ਫ਼ਕੀਰ ਭੀ। ਆਪ ਏਕ ਐਸੀ ਰੌਸ਼ਨੀ ਹੈ ਜੋ ਪੂਰੇ ਹਿੰਦੋਸਤਾਨ ਕੋ ਰਾਸਤਾ ਦਿਖਾ ਰਹੇ ਹੈਂ ਕਿ ਸ਼ਾਸਤ੍ਰੀ ਸੰਗੀਤ ਕਿਆ ਹੈ? ਇਸ ਕੀ ਕੈਸੀ ਉਪਾਸਨਾ ਕਰਨੀ ਚਾਹੀਏ"।

(ਉਸਤਾਦ ਅਮਜਦ ਅਲੀ ਖਾਂ, ਸਰੋਦ ਸਮਰਾਟ) 4-11-1999)

"ਕੁਝ ਸਾਲ ਪਹਿਲਾਂ ਮੈਨੂੰ ਸ੍ਰੀ ਭੈਣੀ ਸਾਹਿਬ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ। ਪਹਿਲਾਂ ਵੀ ਇਹ ਸ੍ਰੋਤ ਮੇਰੇ ਕੰਨੀ ਪੈਂਦੀ ਰਹੀ ਸੀ ਫਿਰ ਪ੍ਰਤੱਖ ਦਰਸ਼ਨ ਕਰ ਲਏ। ਇੰਝ ਜਾਪਿਆ ਕਿ ਭਗਵਾਨ ਰੂਪ ਪ੍ਰਭੂ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਧੁਰੋਂ ਦਰਗਾਹੋਂ ਹੀ ਸੰਗੀਤ ਦੀ ਕਲਾ ਦੀ ਮਹਾਨ ਬਖਸ਼ਿਸ਼ ਨਾਲ ਨਿਵਾਜ ਕੇ ਸੰਸਾਰ ਵਿਚ ਭੇਜਿਆ ਹੈ। ਵੱਡੇ-ਵੱਡੇ ਤਾਲਾਂ ਦੀਆਂ ਪੁਰਾਤਨ ਬੰਦਿਸ਼ਾਂ, ਬਿਨਾਂ ਕਿਸੇ ਸਾਜ਼ ਦੀ ਸਹਾਇਤਾ ਦੇ, ਪੌਣੀਆਂ, ਸਵਾਈਆਂ ਅਤੇ ਡੇਢੀਆਂ ਮਾਤਰਾ ਵਿਚ ਗੀਤਾਂ ਨੂੰ ਉਹਨਾਂ ਦੇ ਗਲੇ ਤੋਂ ਸੁਰੀਲੀਆਂ ਸੁਰਾਂ ਵਿਚ ਸੁਣਿਆ।

(ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ - ਭਾਈ ਗੁਰਚਰਨ ਸਿੰਘ ਕੰਵਲ)



'My father used to say that not everyone can be an exponent of Indian classical music. Only a King or a Saint can patronize it. Satguru Jagjit Singh Ji is both a King and a Saint. He is the Sun that is lighting up the path of Indian classical music across India, illustrating to the world how one should revere Indian classical music'

Ustad Amjad Ali Khan Sarod Maestro (during the felicitation of Satguru Ji on the 4th of November 1999 at the Ustad Hafiz Ali Khan Sarod Gharana - Gwalior)

'A few years back I had the good fortune of visiting Sri Bhaini Sahib. I used to hear often about Him and then finally I saw Him in person. It felt as if the Lord Himself had blessed Satguru Jagjit Singh Ji with the gift of music and ascended here. He would effortlessly sing several complex ancient compositions, without the accompaniment of any instrument, quarter, three quarter and one and half beats'

(Kirtan Nirmolak Hera Ate Sangeet Kala - Bhai Gurcharan Singh Kanwal)

May 2015 ਵੈਸਾਖ-ਜੇਠ ੨੦੭੨ਬਿ:

• ਸੰਗਰਾਂਦ • ਪੂਰਨਮਾਸ਼ੀ • ਮੱਸਿਆ

ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat
					1 ੧੮	2 ੧੯	3 ੨੦	4 ੨੧	5 ੨੨	6 ੨੩	7 ੨੪	8 ੨੫	9 ੨੬	10 ੨੭	11 ੨੮	12 ੨੯	13 ੩੦	14 ੩੧	15 ੧	16 ੨
17 ੩	18 ੪	19 ੫	20 ੬	21 ੭	22 ੮	23 ੯	24 ੧੦	25 ੧੧	26 ੧੨	27 ੧੩	28 ੧੪	29 ੧੫	30 ੧੬	31 ੧੭						

ਸੇਵਾ ਦੀ ਪ੍ਰੇਰਨਾ



ਸੇਵਾ ਸਿਮਰਨ, ਕਿਰਤ ਸੁਚੱਜੀ, ਏਥੋਂ ਸੋਝੀ ਪਾਈ। ਆਪ ਬਣੇ ਸੇਵਾ ਦੀ ਮੂਰਤ, ਸਤਿਗੁਰ ਦੀ ਵਡਿਆਈ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਪੂਰਾ ਜੀਵਨ ਹੀ ਸੇਵਾ ਸਿਮਰਨ ਅਤੇ ਤਿਆਗ ਦੀ ਇਕ ਮਿਸਾਲ ਸੀ। ਆਪ ਜੀ ਵੱਡੇ ਮੇਲਿਆਂ ਵਿਚ ਅੰਮ੍ਰਿਤ ਵੇਲੇ ਖੂਹ ਵਿੱਚੋਂ ਜਲ ਕੱਢ ਕੇ ਆਪ ਸਿੱਖਾਂ ਦਾ ਇਸ਼ਨਾਨ ਕਰਵਾਇਆ ਕਰਦੇ ਸਨ, ਲੰਗਰ ਦਾ ਜਲ ਭਰਨਾ, ਸੰਗਤ ਦੇ ਜੂਠੇ ਭਾਂਡੇ ਮਾਂਜਣੇ, ਚੱਕੀ ਪੀਹਣੀ, ਸਰੋਵਰ ਦੀ ਕਾਰ ਸੇਵਾ ਕਰਨੀ, ਖੇਤਾਂ ਵਿਚ ਸਿਖਾਂ ਸੇਵਕਾਂ ਨਾਲ ਗੋਡੀ ਕਰਨੀ, ਰਾਤ ਜਦੋਂ ਸਾਰਿਆਂ ਨੇ ਸੌਂ ਜਾਣਾ ਤਾਂ ਦੋ ਦੋ ਘੰਟੇ ਝਾੜੂ ਫੇਰਨਾ, ਗਊਆਂ ਦੀ ਸੇਵਾ ਕਰਨੀ। ਕਿਹੜੀ ਸੇਵਾ ਹੈ? ਜੋ ਸਤਿਗੁਰੂ ਜੀ ਨੇ ਹੱਥੀਂ ਨਾ ਕੀਤੀ ਹੋਵੇ। ਆਪ ਜੀ ਸਭ ਤੋਂ ਵੱਧ ਪ੍ਰਸੰਨ ਹੁੰਦੇ ਸਨ, ਸੰਗਤਾਂ ਨੂੰ ਪੰਗਤਾਂ ਵਿਚ ਪਦਾਰਥ ਵਰਤਾਉਂਦਿਆਂ। ਆਪ ਜੀ ਨੇ ਜੀਵਨ ਭਰ ਨਾਮ-ਬਾਣੀ, ਸੰਗੀਤ ਅਤੇ ਤਰ੍ਹਾਂ-ਤਰ੍ਹਾਂ ਦੇ ਪਦਾਰਥਾਂ ਦੇ ਗੱਫੇ ਖੁੱਲੇ ਹੱਥੀ ਵਰਤਾਏ।





Service above self, Meditation and Sacrifice were the benchmarks of Satguru Ji's life. During the many spiritual congregations, He would draw water from the well and bathe Sikhs in the wee hours of the morning. Would fill up the water for community kitchen, wash the dishes of the devotees, grind the flourmill, clean the holy pond, till the land with the Sikhs, clean the premises whilst everyone slept, take care of the cattle etc., there was no chore that He didn't do. Nothing pleased Him more than distributing food and various things to the rows of devotees. In His lifetime Satguru Ji distributed a wealth of Naam-Bani, Music and various types of things generously.

June 2015 ਜੇਠ-ਹਾੜ ੨੦੭੨ਬਿ:

• ਸੰਗਰਾਂਦ • ਪੂਰਨਮਾਸ਼ੀ • ਮੱਸਿਆ

ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat
	1 ੧੮	2 ੧੯	3 ੨੦	4 ੨੧	5 ੨੨	6 ੨੩	7 ੨੪	8 ੨੫	9 ੨੬	10 ੨੭	11 ੨੮	12 ੨੯	13 ੩੦	14 ੩੧	15 ੧	16 ੨	17 ੩	18 ੪	19 ੫	20 ੬
21 ੭	22 ੮	23 ੯	24 ੧੦	25 ੧੧	26 ੧੨	27 ੧੩	28 ੧੪	29 ੧੫	30 ੧੬											


ਹਸੰਦਿਆਂ-ਖੇਲੰਦਿਆਂ



ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ।

"ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ। ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ"॥ - ਗੁਰਵਾਕ ਅਨੁਸਾਰ ਗੁਰਮਤਿ ਸਿਧਾਂਤ ਗ੍ਰਹਿਸਤ ਵਿਚ ਰਹਿੰਦਿਆਂ ਹੋਇਆਂ ਸਤਿਗੁਰੂ ਦੀ ਮੇਹਰ ਨਦਰਿ ਸਦਕਾ ਹੱਸਦਿਆਂ ਖੇਡਦਿਆਂ ਜੀਵਨ ਮੁਕਤੀ ਪ੍ਰਾਪਤ ਕਰਨ ਦਾ ਮਾਰਗ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਖੇਡਾਂ ਦਾ ਸ਼ੌਕ ਪਿਤਾ ਸਤਿਗੁਰੂ ਜੀ ਤੋਂ ਵਿਰਸੇ ਵਿਚ ਹੀ ਮਿਲਿਆ। ਆਪ ਜੀ ਤੈਰਾਕੀ, ਘੋੜ ਸਵਾਰੀ, ਪੋਲੋ, ਕੁਸ਼ਤੀ, ਫੁਟਬਾਲ ਆਦਿ ਖੇਡਾਂ ਵਿਚ ਮੋਹਰੀ ਹੋਇਆ ਕਰਦੇ ਸਨ। ਬੈਡਮਿੰਟਨ ਤਾਂ ਆਪ ਜੀ 80 ਸਾਲ ਦੀ ਅਵਸਥਾ ਤੱਕ ਖੇਡਦੇ ਰਹੇ। ਆਪ ਜੀ ਨੇ ਹਰ ਖੇਤਰ ਨੂੰ ਸਿੱਖੀ ਪਰਚਾਰ ਦਾ ਮਾਧਿਅਮ ਬਣਾਇਆ। ਸਿੱਖੀ ਸਰੂਪ ਦੇ ਚਿੰਨ੍ਹ ਕਛਹਿਰਾ ਅਤੇ ਦਸਤਾਰ ਨੂੰ ਖੇਡ ਦੇ ਮੈਦਾਨ ਵਿਚ ਸਨਮਾਨ ਯੋਗ ਸਥਾਨ ਦਿਵਾਉਣ ਦਾ ਸਿਹਰਾ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੀ ਜਾਂਦਾ ਹੈ। ਆਪ ਜੀ ਦੀ ਕ੍ਰਿਪਾ ਨਾਲ ਨਾਮਧਾਰੀ ਹਾਕੀ ਖਿਡਾਰੀਆਂ ਰਾਹੀਂ ਸਿੱਖੀ-ਸਰੂਪ ਓਲੰਪਿਕ ਖੇਡਾਂ ਤੱਕ ਆਪਣੀ ਪਛਾਣ ਕਾਇਮ ਕਰ ਚੁੱਕਾ ਹੈ।



O Nanak, meeting the True Guru, one comes to know the Perfect Way; While laughing, playing, dressing and eating, He is liberated' The path leading to salvation is realizing God while fulfilling one's familial duties.



Sri Satguru Jagjit Singh Ji inherited the love for sports from His father Satguru Pratap Singh Ji. Swimming, Horse riding, Polo, Wrestling, Football etc were some of the sports that He excelled and led from the front. He used to play badminton even at the ripe age of 80 years. Satguru Ji concerted all efforts to propagate Sikhism in all spheres of life. It is only through Satguru Ji's efforts that the Strait Turban as well as the traditional breeches (kacheera), have become a symbol of pride and respect in the field of sports. Today, it is with His benevolence that Namdhari Hockey players have been able to successfully maintain their unique identity even at the Olympic level.

July 2015 ਹਾੜ-ਸਾਵਣ ੨੦੭੨ਬਿ:

• ਸੰਗਰਾਂਦ • ਪੂਰਨਮਾਸ਼ੀ • ਮੱਸਿਆ

ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat
			1 ੧੭	2 ੧੮	3 ੧੯	4 ੨੦	5 ੨੧	6 ੨੨	7 ੨੩	8 ੨੪	9 ੨੫	10 ੨੬	11 ੨੭	12 ੨੮	13 ੨੯	14 ੩੦	15 ੩੧	16 ੧	17 ੨	18 ੩
19 ੪	20 ੫	21 ੬	22 ੭	23 ੮	24 ੯	25 ੧੦	26 ੧੧	27 ੧੨	28 ੧੩	29 ੧੪	30 ੧੫	31 ੧੬				੨੦-ਪ੍ਰਕਾਸ਼ ਪੁਰਬ, ਸ੍ਰੀ ਸਤਿਗੁਰੂ ਉਦੇ ਸਿੰਘ ਜੀ				

ਤਿਸ ਤੂ ਦੇਹਿ ਅਸਰਾਉ

ਰੋਗ, ਸੋਗ, ਦੁਖ ਬਿਰਧ ਅਵਸਥਾ, ਨਾ ਕੋਈ ਸੰਗੀ ਸਾਥੀ ਹੋਣਾ।
ਜਿਸ ਦਾ ਨਾ ਕੋਈ ਰਹੇ ਸਹਾਰਾ; ਉਸ ਨੂੰ ਬਾਹੋਂ ਪਕੜ ਉਠਾਉਣਾ॥

"ਨਿਧਰਿਆ ਧਰ ਨਿਗਤਿਆ ਗਤਿ ਨਿਥਾਵਿਆ ਤੂ ਥਾਉ" ॥ - ਗੁਰਵਾਕ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਹਨਾਂ ਸਭ ਦੇ ਆਸਰੇ ਬਣੇ ਜਿਨ੍ਹਾਂ ਦਾ ਕੋਈ ਸਹਾਰਾ ਨਹੀਂ ਸੀ। ਆਪ ਜੀ ਨੇ ਬਜ਼ੁਰਗਾਂ ਅਤੇ ਬਿਮਾਰਾਂ ਦੀ ਸੇਵਾ ਲਈ ਖਰਚ ਅਤੇ ਖੇਚਲ ਦੋਵੇਂ ਹੱਦੋਂ ਵੱਧ ਕੀਤੇ। ਸ੍ਰੀ ਭੈਣੀ ਸਾਹਿਬ ਇਕ ਬਹੁਤ ਵੱਡੀ ਬਿਰਧਸ਼ਾਲਾ ਕਾਇਮ ਕੀਤੀ ਜਿਥੇ ਹਰ ਤਰ੍ਹਾਂ ਦੀ ਸੁਖ-ਸੁਵਿਧਾ ਉਪਲਬਧ ਹੈ। ਆਪ ਜੀ ਕਿੰਨੇ ਵੀ ਰੁਝੇਵੇਂ ਵਿਚ ਕਿਉਂ ਨਾ ਹੋਣ, ਜੇ ਕੋਈ ਬਿਮਾਰ ਜਾਂ ਬਜ਼ੁਰਗ ਚਲਣ-ਫਿਰਨ ਤੋਂ ਅਸਮਰੱਥ ਹੁੰਦਾ ਤਾਂ ਆਪ ਜੀ ਉਸਦੇ ਘਰ ਜਾ ਕੇ ਦਰਸ਼ਨ ਦੇਂਦੇ, ਸੁਖ-ਸਾਂਦ ਅਤੇ ਲੋੜ ਪੁਛਦੇ ਅਤੇ ਹਰ ਤਰ੍ਹਾਂ ਪੂਰੀ ਕਰਦੇ। ਕਈ ਵੇਰ ਬਿਰਧਸ਼ਾਲਾ ਵਿਚ ਸਾਰੇ ਬਜ਼ੁਰਗਾਂ ਨੂੰ ਇਕੱਠਿਆਂ ਕਰਕੇ ਘੰਟਿਆਂ ਬੱਧੀ ਆਪ ਜੀ ਉਹਨਾਂ ਨਾਲ ਬੈਠਦੇ, ਬਚਨ-ਬਿਲਾਸ ਕਰਦੇ। ਸੇਵਾ, ਬਾਰੇ ਆਪ ਜੀ ਫੁਰਮਾਇਆ ਕਰਦੇ ਸਨ ਕਿ ਅਸਲ ਵਿਚ ਸੇਵਾ ਹੀ ਉਹ ਹੈ ਜਿਥੋਂ ਕਿਸੇ ਤਰ੍ਹਾਂ ਦੀ ਰਿਟਰਨ ਦੀ ਆਸ ਨਾ ਹੋਵੇ।



'You are Infinite. Your value cannot be appraised. Everything I see is Your play'. Sri Satguru Jagjit Singh Ji was the shelter for the helpless. Satguru Ji left no stone unturned to help both the old and the sick, financially and otherwise. He established a full-fledged - Home for the Aged with all amenities at Sri Bhaini Sahib. Despite His busy schedule, Satguru Ji would visit the old and the sick at their homes and enquire and look about their well being as well as needs. Satguru Ji would on several occasions assemble all the inhabitants of the Home for the aged and engage them in conversations for hours. Satguru Ji often remarked that in reality service is selfless only when one does not expect anything in return.

August 2015 ਸਾਵਣ-ਭਾਦਰੋਂ ੨੦੭੨ਬਿ:

• ਸੰਗਰਾਂਦ • ਪੂਰਨਮਾਸ਼ੀ • ਮੱਸਿਆ

ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat
						1 ੧੭	2 ੧੮	3 ੧੯	4 ੨੦	5 ੨੧	6 ੨੨	7 ੨੩	8 ੨੪	9 ੨੫	10 ੨੬	11 ੨੭	12 ੨੮	13 ੨੯	14 ੩੦	15 ੩੧
16 ੩੨	17 ੧	18 ੨	19 ੩	20 ੪	21 ੫	22 ੬	23 ੭	24 ੮	25 ੯	26 ੧੦	27 ੧੧	28 ੧੨	29 ੧੩	30 ੧੪	31 ੧੫	5- [illegible] 8- [illegible] 15- ਅਜ਼ਾਦੀ ਦਿਵਸ 21- ਜੋਤੀ ਜੋਤਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ				



ਕੋਮਲ ਕਰੂੰਬਲਾਂ ਨੂੰ ਸਰਗਮਾਂ ਸਿਖਾਂਵਦਾ, ਬੰਦਿਸ਼ਾਂ ਤੇ ਰੀਤਾਂ ਕੋਲ ਬੈਠ ਸਮਝਾਂਵਦਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰੇਮ-ਪਿਆਰ ਵਿੱਚ ਛੋਟੇ-ਛੋਟੇ ਬਾਲਕ, ਨੌਜਵਾਨ ਅਤੇ ਉਮਰ ਦੇ ਆਖਰੀ ਪੜਾਅ ਤੇ ਪੁੱਜੇ ਬਜ਼ੁਰਗ, ਸਾਰੇ ਹੀ ਹਾਣੀਆਂ ਵਾਂਗ ਸਮੋਏ ਹੁੰਦੇ ਸਨ। ਆਪ ਜੀ ਦੇ ਚੁਫੇਰੇ ਵਿਚ ਕਦੇ ਕਿਸੇ ਨੂੰ ਅਣਗੌਲੇ ਜਾਣ ਦਾ ਅਹਿਸਾਸ ਤੱਕ ਨਹੀਂ ਸੀ ਹੁੰਦਾ। ਆਪ ਜੀ ਫੁਰਮਾਇਆ ਕਰਦੇ ਸਨ ਕਿ ਬੱਚੇ ਤਾਂ ਕੱਚੇ ਦੁੱਧ ਵਰਗੇ ਹੁੰਦੇ ਹਨ, ਉਸਦਾ ਜੋ ਮਰਜ਼ੀ ਬਣਾ ਲਵੋ। ਇਸ ਲਈ ਬੱਚੇ ਹਮੇਸ਼ਾਂ ਹੀ ਆਪ ਜੀ ਦੀ ਵਿਸ਼ੇਸ਼ ਤਵੱਜੋ ਅਤੇ ਬਖਸ਼ਿਸ਼ ਦੇ ਪਾਤਰ ਹੁੰਦੇ ਸਨ। ਜਿਹੜੇ ਬੱਚੇ ਕਿਸੇ ਵੀ ਖੇਤਰ ਵਿਚ ਕੁੱਝ ਕਰ ਸੱਕਣ ਦੀ ਯੋਗਤਾ ਰੱਖਦੇ ਸਨ, ਉਹ ਆਪ ਜੀ ਦੇ ਮਾਰਗ-ਦਰਸ਼ਨ, ਪ੍ਰੇਰਣਾ ਅਤੇ ਸਹਿਯੋਗ ਨਾਲ ਉਚ ਕੋਟੀ ਦੇ ਕਲਾਕਾਰ, ਸੰਗੀਤਕਾਰ, ਲੇਖਕ, ਖਿਡਾਰੀ ਅਤੇ ਵਿਗਿਆਨਕ ਕਿਰਤੀ ਬਣ ਗਏ।





Sri Satguru Jagjit Singh love knew no bounds. Adolescents, teenagers as well as the Senior citizens were immersed in His love alike. No one felt deprived around Him. He would often say that 'children are like raw milk, you can churn them into anything'; hence He paid special attention to them and blessed them always. He harnessed talented youth and motivated them to become artists, musicians, writers, sportsmen, scientists etc of the highest levels.

September 2015 ਭਾਦਰੋਂ-ਅੱਸੂ ੨੦੭੨ਬਿ:

• ਸੰਗਰਾਂਦ • ਪੂਰਨਮਾਸ਼ੀ • ਮੱਸਿਆ

ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat
		1 ੧੬	2 ੧੭	3 ੧੮	4 ੧੯	5 ੨੦	6 ੨੧	7 ੨੨	8 ੨੩	9 ੨੪	10 ੨੫	11 ੨੬	12 ੨੭	13 ੨੮	14 ੨੯	15 ੩੦	16 ੩੧	17 ੧	18 ੨	19 ੩
20 ੪	21 ੫	22 ੬	23 ੭	24 ੮	25 ੯	26 ੧੦	27 ੧੧	28 ੧੨	29 ੧੩	30 ੧੪						[illegible]			[illegible]	

ਦਇਆ ਜਾਣੈ ਜੀਅ ਕੀ.....



ਕੈਸਾ ਰੂਪ ਕਮਾਲ ਹੈ ਤੇਰਾ, ਲਾਇਆ ਹਰ ਹਿਰਦੇ ਵਿਚ ਡੇਰਾ;
ਪਸ਼ੂ-ਪੰਛੀ ਤੇ ਚਾਰ ਚੌਫੇਰਾ, ਤੇਰਾ ਜੱਸ ਗਾਂਵਦੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿਰਦੇ ਵਿਚ ਸਭਨਾਂ ਲਈ ਪਿਆਰ ਸੀ, ਮੁਹੱਬਤ ਸੀ, ਮੋਹ ਸੀ, ਦਰਦ ਸੀ। ਹਜ਼ੂਰ ਦੀਆਂ ਇਹ ਬਖਸ਼ਿਸ਼ਾਂ ਕੇਵਲ ਮਨੁੱਖਾਂ ਲਈ ਹੀ ਨਹੀਂ ਸਗੋਂ ਜੀਵ ਮਾਤਰ ਲਈ ਸਨ। ਇਹੀ ਕਾਰਣ ਸੀ ਕਿ ਪਸ਼ੂ-ਪੰਛੀ ਹਜ਼ੂਰ ਦੀ ਛੂਹ ਪਾਣ ਨੂੰ ਲੋਚਿਆ ਕਰਦੇ ਸਨ। ਸ੍ਰੀ ਭੈਣੀ ਸਾਹਿਬ ਦੇ ਮੋਰਾਂ ਨੂੰ ਪਾਤਸ਼ਾਹ ਜੀ ਦੀ ਆਮਦ ਦਾ ਅਹਿਸਾਸ ਹੋ ਜਾਇਆ ਕਰਦਾ ਸੀ। ਕੋਈ ਮਿਕਨਾਤੀਸੀ ਕਸ਼ਿਸ਼ ਸੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਖਸ਼ੀਅਤ ਵਿਚ। ਸ੍ਰੀ ਭੈਣੀ ਸਾਹਿਬ ਹੁੰਦਿਆਂ ਰੋਜ਼ਾਨਾ ਗਊਸ਼ਾਲਾ ਵਿਚ ਜਾਣਾ ਅਤੇ ਆਪ ਹੱਥੀਂ ਗਊਆਂ ਨੂੰ ਗੁੜ ਛਕਾਉਣਾ ਵੀ ਆਪ ਜੀ ਦੇ ਨਿਤ ਕਰਮ ਦਾ ਹਿੱਸਾ ਹੋਇਆ ਕਰਦਾ ਸੀ। ਸੰਨ 1965 ਵਿਚ ਭਾਰਤੀ ਗੋ-ਸੰਵਰਧਨ ਸੰਮਤੀ ਵੱਲੋਂ ਗਊਧਨ ਦੀ ਸਾਂਭ-ਸੰਭਾਲ ਅਤੇ ਨਸਲ-ਸੁਧਾਰ ਲਈ ਕੀਤੇ ਮਹਾਨ ਕਾਰਜਾਂ ਕਰਕੇ ਆਪ ਜੀ ਨੂੰ ਗੋਪਾਲ-ਰਤਨ ਸਨਮਾਨ ਭੇਂਟ ਕੀਤਾ ਗਿਆ।



Love and empathy for everyone - Sri Satguru Jagjit Singh Ji's love was not limited to just us humans, but it encompassed the whole creation. Even the birds and animals yearned for His love. The peacocks in and around Sri Bhaini Sahib could feel his presence. Satguru Ji would draw everyone towards Him. Feeding jaggery to the cows at the cowshed was a part of Satguru Ji's daily routine whilst at Sri Bhaini Sahib. In 1965, the All India Go-Samvardhan Committee awarded Satguru Ji the 'Gopal Ratan' for His efforts in safeguarding and improving various cow breeds.

October 2015 ਅੱਸੂ-ਕੱਤਕ ੨੦੭੨ਬਿ:

• ਸੰਗਰਾਂਦ • ਪੂਰਨਮਾਸ਼ੀ • ਮੱਸਿਆ

ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat
				1 ੧੫	2 ੧੬	3 ੧੭	4 ੧੮	5 ੧੯	6 ੨੦	7 ੨੧	8 ੨੨	9 ੨੩	10 ੨੪	11 ੨੫	12 ੨੬	13 ੨੭	14 ੨੮	15 ੨੯	16 ੩੦	17 ੧
18 ੨	19 ੩	20 ੪	21 ੫	22 ੬	23 ੭	24 ੮	25 ੯	26 ੧੦	27 ੧੧	28 ੧੨	29 ੧੩	30 ੧੪	31 ੧੫			7- [illegible] 16- [illegible] 17- [illegible] 22- ਦੁਸਹਿਰਾ				

ਘਾਲਿ ਖਾਇ ਕਿਛੁ ਹਥਹੁ ਦੇਇ...





ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ।

ਸਿੱਖ ਸਮਾਜ ਕਿਰਤ ਪ੍ਰਧਾਨ ਸਮਾਜ ਹੈ। ਸਿੱਖ ਧਰਮ ਦੇ ਆਦਿ ਗੁਰੂ, ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਘਰ ਪ੍ਰਵਾਰ ਵਿਚ ਰਹਿੰਦਿਆਂ, ਦਸਾਂ ਨਹੁੰਆਂ ਦੀ ਕਿਰਤ ਕਰਨ, ਵੰਡ ਕੇ ਛਕਣ ਅਤੇ ਨਾਮ ਜੱਪ ਕੇ ਪ੍ਰਭੂ ਭਗਤੀ ਅਤੇ ਜੀਵਨ ਮੁਕਤੀ ਦਾ ਮਾਰਗ ਦੱਸਿਆ। 'ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ'। ਦੇ ਮਹਾਂਵਾਕ ਅਨੁਸਾਰ ਚੱਲਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਮਾਜ ਵਾਸਤੇ ਪ੍ਰੇਰਣਾ ਸ੍ਰੋਤ ਬਣੇ ਅਤੇ ਅਗਵਾਈ ਵੀ ਕੀਤੀ। ਆਪ ਜੀ ਨੂੰ ਖੇਤੀਬਾੜੀ ਅਤੇ ਬਾਗਬਾਨੀ ਦਾ ਕੇਵਲ ਸ਼ੌਕ ਹੀ ਨਹੀਂ ਸਗੋਂ ਵਸੀਹ ਗਿਆਨ ਅਤੇ ਤਜਰਬਾ ਵੀ ਸੀ। ਇਲਾਕਾ ਜੀਵਨ ਨਗਰ (ਹਰਿਆਣਾ) ਵਿਚ ਆਪ ਜੀ ਨੇ ਸ਼ੁਰੂ ਤੋਂ ਹੀ ਆਪਣੇ ਫਾਰਮਾਂ ਵਿਚ ਆਰਗੈਨਿਕ ਖੇਤੀ ਕੀਤੀ ਅਤੇ ਸੰਗਤ ਨੂੰ ਪ੍ਰੇਰਣਾ ਦੇ ਕੇ ਇਲਾਕੇ ਵਿਚ ਅੰਗੂਰਾਂ ਅਤੇ ਕਿੰਨੂਆਂ ਆਦਿ ਦੇ ਬਾਗ ਲਗਵਾਏ। ਆਪ ਜੀ ਵੱਲੋਂ ਅੰਗੂਰਾਂ ਦੀ ਸਰਦੀਆਂ ਵਿਚ ਪੈਦਾ ਕੀਤੀ ਫਸਲ ਯੂਨੀਵਰਸਿਟੀਆਂ ਦੇ ਬਾਗਬਾਨੀ ਮਾਹਰਾਂ ਲਈ ਵੀ ਨਵੀਆਂ ਪੈੜਾਂ ਸਨ। ਆਪ ਜੀ ਨੇ ਨਾਮਧਾਰੀ ਸਿੱਖਾਂ ਨੂੰ ਕਿਰਤੀ ਤੋਂ ਵਿਗਿਆਨਕ-ਕਿਰਤੀ ਬਣਨ ਲਈ ਅਗਵਾਈ ਕੀਤੀ। ਵਿਸ਼ਵ ਪ੍ਰਸਿੱਧ ਨਾਮਧਾਰੀ ਸੀਡਜ਼ ਅਤੇ ਨਾਮਧਾਰੀ ਫਰੈਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੂਰ-ਅੰਦੇਸ਼ਤਾ ਅਤੇ ਸੁਪਨਿਆਂ ਦੀ ਸਾਕਾਰਤਾ ਦਾ ਸਿੱਟਾ ਹੀ ਹੈ।






The Sikhs are a hard working community. Sri Satguru Nanak Dev Ji preached that one could serve God and attain salvation by working hard, earning an honorable living, sharing their meals and meditating on the Name of the God. Following the tenet of 'One who works for what he eats and gives some of what he has - O Nanak, he knows the path' Sri Satguru Jagjit Singh Ji motivated and led the society from the front. Satguru Ji not only enjoyed farming and gardening, but had immense knowledge and experience of both the activities. Satguru Ji promoted organic farming from the beginning not only at His own farms at Jivan Nagar (Haryana) but motivated the farming community to do so as well. He motivated them to farm grapes as well as Kinnows (Mandarin Oranges). The cultivation of grapes during the winters astounded even the cultivation experts at various Universities. Satguru Ji motivated the Namdhari Sikhs to move from being just hard working to scientifically hard working. The world renowned Namdhari Seeds and Namdhari Fresh bear testimony to the far sightedness and fulfilment of Satguru Ji's agrarian dreams.

November 2015 ਕੱਤਕ-ਮੱਘਰ ੨੦੭੨ਬਿ:

• ਸੰਗਰਾਂਦ • ਪੂਰਨਮਾਸ਼ੀ • ਮੱਸਿਆ

ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat
1 ੧੬	2 ੧੭	3 ੧੮	4 ੧੯	5 ੨੦	6 ੨੧	7 ੨੨	8 ੨੩	9 ੨੪	10 ੨੫	11 ੨੬	12 ੨੭	13 ੨੮	14 ੨੯	15 ੩੦	16 ੧	17 ੨	18 ੩	19 ੪	20 ੫	21 ੬
22 ੭	23 ੮	24 ੯	25 ੧੦	26 ੧੧	27 ੧੨	28 ੧੩	29 ੧੪	30 ੧੫								11- ਦਿਵਾਲੀ, ਬੰਦੀ ਛੋੜ ਦਿਵਸ 22- ਅਵਤਾਰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 25- ਅਵਤਾਰ, ਸ੍ਰੀ ਸਤਿਗੁਰੂ ਨਾਨਕ ਦੇਵ ਜੀ 26- ਨਾਮਧਾਰੀ ਸ਼ਹੀਦੀ ਮੇਲਾ, ਲੁਧਿਆਣਾ				

ਸਦ ਪੀੜੀ ਗੁਰੂ ਚਲੰਦੀ



ਬੋਲ, ਨਦਰਿ, ਛੁਹ, ਰਹਿਮਤ ਉਸ ਦੀ, ਜਿਸਨੇ ਮਾਣੇ ਉਹ ਹੀ ਜਾਣੇ।
ਸਵਰਗ ਬੈਕੁੰਠ ਵੀ ਤੁਛ ਲਗਦਾ ਸੀ, ਜੋ ਪਲ ਉਸ ਸਤਿਗੁਰ ਸੰਗ ਮਾਣੇ॥

"ਹਰਿ ਜੁਗਹ ਜੁਗੋ ਜੁਗ, ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ"- ਗੁਰਵਾਕ ਅਨੁਸਾਰ ਗੁਰੂ-ਪੀੜ੍ਹੀ ਆਦਿ ਕਾਲ ਤੋਂ ਚਲਦੀ ਆਈ ਹੈ ਅਤੇ ਅਨੰਤ ਕਾਲ ਤੱਕ ਚਲਦੀ ਰਹੇਗੀ। ਕਲਿਜੁਗ ਵਿਚ ਜੀਵਾਂ ਦੇ ਉਧਾਰ ਲਈ ਸਤਿਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ ਅਤੇ 'ਸਾਰਾ ਕਲਿਜੁਗ ਭੋਗਸੀ ਨਾਨਕ ਧਰ ਅਵਤਾਰ' ਦਾ ਇਕਰਾਰ ਵੀ ਕੀਤਾ। ਸਿੱਖ ਪੰਥ ਦੀ ਇਸੇ ਗੁਰੂ ਪਰੰਪਰਾ ਦੇ ਵਾਰਿਸ ਹੋਏ ਹਨ ਸਤਿਗੁਰੂ ਜਗਜੀਤ ਸਿੰਘ ਜੀ। ਆਪ ਜੀ ਨੇ ਆਪਣੇ ਜਾਂ-ਨਸ਼ੀਨ ਦੇ ਰੂਪ 'ਚ ਪੰਥ ਨੂੰ ਉਹ ਸਤਿਗੁਰ ਪੁਰਖ ਬਖਸ਼ਿਆ ਹੈ ਜਿਸਨੂੰ ਆਪ ਜੀ 'ਮੇਰੇ ਬੇਟਾ ਜੀ', ਕਹਿ ਕੇ ਪਿਆਰਦੇ ਅਤੇ ਦੁਲਾਰਦੇ ਸਨ। ਪਰਲੋਕ ਗਵਨ ਤੋਂ ਕੁਝ ਵਰ੍ਹੇ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਉਦੇ ਸਿੰਘ ਜੀ ਨੂੰ ਮੁਖਾਤਿਬ ਹੁੰਦਿਆਂ ਬਚਨ ਕੀਤਾ : "ਕਾਕਾ ਤੂੰ ਹੁਣ ਭਜਨ-ਬਾਣੀ ਕਰਿਆ ਕਰ ਅਤੇ ਕਰਵਾਇਆ ਵੀ ਕਰ, ਹੁਣ ਤੂੰ ਹੀ ਹੈਂ ਸਾਡੇ ਕੋਲ"। 13 ਦਿਸੰਬਰ, 2012 ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਲੋਕ ਗਵਨ ਉਪਰੰਤ ਆਪ ਜੀ ਦੀ ਰਜ਼ਾ ਅਨੁਸਾਰ ਸ੍ਰੀ ਉਦੇ ਸਿੰਘ ਜੀ-ਸਤਿਗੁਰੂ ਰੂਪ ਵਿਚ ਇਸ ਰਾਜ-ਜੋਗ ਗੱਦੀ ਤੇ ਸੁਭਾਇਮਾਨ ਹੋਏ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਸੁਯੋਗ ਅਗਵਾਈ ਹੇਠ ਨਾਮਧਾਰੀ ਪੰਥ ਦਾ ਭਵਿੱਖ ਸੁਰੱਖਿਅਤ ਅਤੇ ਰੌਸ਼ਨ ਹੈ।



'In age after age, through all the ages, forever and ever, the lineage of the Guru's family shall prosper and increase' - In the Iron Age of Kalyuga, Satguru Nanak Dev Ji appeared as the succor for the world and living kind alike. Satguru Jagjit Singh Ji inherited this lineage of the Satgurus. And in turn He bestowed this inheritance to the one whom He referred and loved as 'My Son...'. A few years before He passed away Satguru Ji addressing Sri Uday Singh Ji said 'Son you should now not only meditate on the name of the Lord yourself but also make others meditate as well, we only have you now'. On 13 December, 2012 when the divine light, Sri Satguru Jagjit Singh Ji became one with His creator, Sri Uday Singh Ji as per the wishes of Satguru Ji took over this responsibility as the Temporal head of the Namdhari Sikhs. Under the worthy guidance of Sri Satguru Uday Singh Ji, the future of Namdhari - Sikh Society is secure and Luminous.

December 2015 ਮੱਘਰ-ਪੋਹ ੨੦੭੨ ਬਿ:

● ਸੰਗਰਾਂਦ ● ਪੂਰਨਮਾਸ਼ੀ ● ਮੱਸਿਆ

ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat	ਐਤ Sun	ਸੋਮ Mon	ਮੰਗਲ Tue	ਬੁੱਧ Wed	ਵੀਰ Thu	ਸ਼ੁੱਕਰ Fri	ਸ਼ਨੀ Sat
		1 ੧੬	2 ੧੭	3 ੧੮	4 ੧੯	5 ੨੦	6 ੨੧	7 ੨੨	8 ੨੩	9 ੨੪	10 ੨੫	11 ੨੬	12 ੨੭	13 ੨੮	14 ੨੯	15 ੩੦	16 ੧	17 ੨	18 ੩	19 ੪
20 ੫	21 ੬	22 ੭	23 ੮	24 ੯	25 ੧੦	26 ੧੧	27 ੧੨	28 ੧੩	29 ੧੪	30 ੧੫	31 ੧੬					[illegible]				